# ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

**ਐਸ.ਸੀ ਓ ਨੰ.162-164, ਦੂਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿ)

ਪੱਤਰ ਨੰ. 7/166-08/3 ਸਿ.7-TTMS/R003134
ਮਿਤੀ: 16.05.2011

**ਵਿਸ਼ਾ :-** **ਟੀਚਰ ਟਰਾਂਸਫਰ ਸਾਫਟਵੇਅਰ ਨੂੰ ਬਦਲੀਆਂ ਲਈ ਇਸਤੇਮਾਲ ਕਰਨ ਬਾਰੇ।**

1. ਇਸ ਦਫਤਰ ਦੇ ਪੱਤਰ ਨੰ. 7/166-08/3 ਸਿ.7-TTMS/R002694 ਮਿਤੀ 02.05.2011 ਦੇ ਸਬੰਧ ਵਿੱਚ।

2. ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟੀਚਰਾਂ ਦੀ ਬਦਲੀ ਕਰਨ ਲਈ ਤਿਆਰ ਕੀਤੀ ਗਈ ਸਾਫਟਵੇਅਰ ਨੂੰ ਵੈਬਸਾਈਟ **punjabttms.org** ਤੇ ਲੋਡ ਕਰ ਦਿੱਤਾ ਗਿਆ ਹੈ ਅਤੇ 01 ਜੁਲਾਈ, 2011 ਤੋਂ ਸਾਰੀਆਂ ਬਦਲੀਆਂ ਇਸ ਸਾਫਟਵੇਅਰ ਦੀ ਮਦਦ ਨਾਲ ਕੀਤੀਆਂ ਜਾਣਗੀਆਂ।

3. ਜ਼ੋ ਵੀ ਟੀਚਰ ਬਦਲੀ ਕਰਵਾਉਣਾ ਚਾਹੁੰਦਾ ਹੈ ਉਹ ਆਪਣੇ ਸਕੂਲ ਮੁਖੀ ਨੂੰ ਉਕਤ ਵੈਬਸਾਈਟ ਤੇ ਦਿੱਤੇ ਪ੍ਰੋਫਾਰਮੇ ਮੁਤਾਬਿਕ ਬਿਨੈ-ਪੱਤਰ ਦੇਵੇਗਾ ਅਤੇ ਸਕੂਲ ਮੁਖੀ ਇਸ ਬਿਨੈ-ਪੱਤਰ ਵਿੱਚ ਦਰਜ ਸਾਰੇ ਤੱਥਾਂ ਦੀ ਜਾਂਚ ਕਰਨ ਉਪਰੰਤ ਵੈਬਸਾਈਟ ਤੇ **Load** ਕਰਵਾਉਣਗੇ। ਬਿਨੈ-ਪੱਤਰ ਦੀ ਇੱਕ ਕਾਪੀ ਉੱਤੇ ਸਕੂਲ ਮੁਖੀ ਇਹ ਤਸਦੀਕ ਕਰਕੇ ਕਿ ਸਾਰੇ ਦਰਜ ਤੱਥ ਘੋਖ ਲਏ ਗਏ ਹਨ ਅਤੇ ਠੀਕ ਹਨ, ਦਸਤਖਤ ਕਰਨ ਉਪਰੰਤ ਫਾਈਲ ਵਿੱਚ ਰੱਖਣਗੇ। ਸਕੂਲਾਂ ਨੂੰ **user ID ਅਤੇ password** ਪਹਿਲਾਂ ਹੀ ਭੇਜਿਆ ਜਾ ਚੁੱਕਾ ਹੈ।

**-ਸਹੀ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ**